Bundesamt für
Fremdenwesen
und Asyl

# ਸੰਯੁਕਤ ਡਾਟਾ ਪ੍ਰੋਸੈਸਿੰਗ ਤੇ ਜਾਣਕਾਰੀ

## "ਦੇਖਭਾਲ ਅਤੇ ਸਹਿਯੋਗ ਜਾਣਕਾਰੀ ਪ੍ਰਣਾਲੀ"

## ਜਨਰਲ ਡਾਟਾ ਪ੍ਰੋਟੈਕਸ਼ਨ ਰੈਗੁਲੇਸ਼ਨ (DSGVO) ਦੀ ਧਾਰਾ 13 ਅਤੇ 14 ਦੇ ਅਨੁਸਾਰ

### ਕੰਟ੍ਰੋਲਰ ਦਾ ਨਾਮ ਅਤੇ ਸੰਪਰਕ ਵੇਰਵੇ:

Bundesamt für Fremdenwesen und Asyl (ਇਮੀਗ੍ਰੇਸ਼ਨ ਅਤੇ ਪਨਾਹ ਦਾ ਸੰਘੀ ਦਫ਼ਤਰ)
Modecenterstraße 22, 1030 Wien
ਫੋਨ: +43- 59 133 98 7004
ਫੈਕਸ: +43- 59 133 98 7399
ਈਮੇਲ: BFA-Einlaufstelle@bmi.gv.at

### ਡਾਟਾ ਸੁਰੱਖਿਆ ਅਫ਼ਸਰ ਦੇ ਸੰਪਰਕ ਵੇਰਵੇ:

ਫੋਨ: +43- 59 133 98 - 0
ਈਮੇਲ: BFA-Datenschutzbeauftragter@bmi.gv.at

### ਪ੍ਰੋਸੈਸਿੰਗ ਦੇ ਉਦੇਸ਼ ਜਿਨ੍ਹਾਂ ਲਈ ਵਿਅਕਤੀਗਤ ਡਾਟਾ ਹੈ:

ਵਿਅਕਤੀਆਂ ਦੇ ਨਿੱਜੀ ਡਾਟੇ ਦੀ ਸਾਂਝੀ ਪ੍ਰੋਸੈਸਿੰਗ ਦੀ ਦੇਖ-ਰੇਖ ਇਮੀਗ੍ਰੇਸ਼ਨ ਅਤੇ ਪਨਾਹ ਦੇ ਸੰਘੀ ਦਫਤਰ, ਮੁੱਢਲੀ ਸੰਭਾਲ ਅਤੇ ਸੇਵਾਵਾਂ ਸਮਝੌਤੇ ਦੀ ਧਾਰਾ 2, ਪੈਰਾ 1 ਦੇ ਅਨੁਸਾਰ ਏਲੀਅਨ ਦੀ ਦੇਖਭਾਲ ਦੁਆਰਾ ਨਿਯੁਕਤ ਸੂਬਾਈ ਦਫਤਰਾਂ ਅਤੇ ਇੰਟੀਰੀਅਰ ਦੇ ਫੈਡਰਲ ਮੰਤਰੀ ਦੁਆਰਾ ਕੀਤੀ ਜਾਣੀ ਹੈ।

### ਪ੍ਰੋਸੈਸਿੰਗ ਲਈ ਕਾਨੂੰਨੀ ਅਧਿਕਾਰ:

ਸੰਘੀ ਸੰਵਿਧਾਨ ਕਾਨੂੰਨ (B-VG) ਦੀ ਧਾਰਾ 15a ਦੇ ਅਨੁਸਾਰ ਮੁੱਢਲੀ ਦੇਖਭਾਲ ਅਤੇ ਸੇਵਾਵਾਂ ਸਮਝੌਤਾ ਨਾਲ ਪਨਾਹ ਚਾਹੁਣ ਵਾਲਿਆਂ ਅਤੇ ਹੋਰ ਯੋਗ ਏਲੀਅਨਜ਼ (ਪਰਵਾਸੀਆਂ) 2005 (GVG-B 2005) ਨੂੰ ਮੁੱਢਲੀ ਸੰਭਾਲ ਅਤੇ ਸੇਵਾਵਾਂ ਪ੍ਰਦਾਨ ਕਰਨ ਸੰਬੰਧੀ ਸੰਘੀ ਕਾਨੂੰਨ ਦੀ ਧਾਰਾ 8

### ਸਮਾਂ ਜਿਸ ਲਈ ਵਿਅਕਤੀਗਤ ਡਾਟਾ ਸਟੋਰ ਕੀਤਾ ਜਾਵੇਗਾ:

ਮੁੱਢਲੀ ਦੇਖਭਾਲ ਅਤੇ ਸੇਵਾਵਾਂ ਦੀ ਪ੍ਰੋਵੀਜ਼ਨ ਦੀ ਮਿਆਦ ਖਤਮ ਹੋਣ ਦੇ ਦੋ ਸਾਲ ਬਾਅਦ ਡਾਟਾ ਮਿਟਾਇਆ ਜਾਵੇਗਾ, ਬਸ਼ਰਤੇ ਕਿ ਇਹ ਇਸ ਸਮੇਂ ਕਿਸੇ ਵੀ ਬਚਦੀਆਂ ਕਾਰਵਾਈਆਂ ਲਈ  ਜਾਂ ਮੁੱਢਲੀ ਦੇਖਭਾਲ ਅਤੇ ਸੇਵਾਵਾਂ ਸਮਝੌਤੇ ਦੀ ਧਾਰਾ 11 ਦੇ ਅਨੁਸਾਰ ਨਿਪਟਾਰੇ ਦੇ ਉਦੇਸ਼ ਲਈ ਜ਼ਰੂਰੀ ਨਹੀਂ ਹੈ।

**ਵਿਅਕਤੀਗਤ ਡਾਟਾ ਪ੍ਰਾਪਤ ਕਰਨ ਵਾਲਿਆਂ ਦੀਆਂ ਸ਼੍ਰੇਣੀਆਂ:**

ਮਾਨਵਤਾਵਾਦੀ, ਈਕਲੀਸੀਆਸਟਿਕ ਜਾਂ ਸੰਘ ਜਾਂ ਸੰਘੀ ਪ੍ਰਾਂਤਾਂ ਦੀਆਂ ਕਾਨੂੰਨੀ ਸੰਸਥਾਵਾਂ ਦੇ ਤੌਰ ਤੇ ਨਿਯੁਕਤ ਨਿੱਜੀ ਸੰਸਥਾਵਾਂ; ਮੀਨਜ਼-ਟੈਸਟਡ ਘੱਟੋ-ਘੱਟ ਲਾਭਾਂ ਦੇ ਪ੍ਰਬੰਧ ਲਈ ਜ਼ਿੰਮੇਵਾਰ ਸੰਸਥਾਵਾਂ; ਪਬਲਿਕ ਐਂਪਲੌਇਮੈਂਟ ਸਰਵਿਸ ਆਸਟ੍ਰੀਆ (AMS); ਸਮਾਜਿਕ ਸੁਰੱਖਿਆ ਸੰਸਥਾਵਾਂ; ਵਿੱਤੀ ਅਥਾਰਟੀਆਂ; ਪ੍ਰਸ਼ਾਸਕੀ ਜ਼ਿਲ੍ਹਾ ਅਥਾਰਟੀਆਂ ਦੇ ਤੌਰ ਤੇ ਸਿਹਤ ਅਧਿਕਾਰੀ; ਸੁਰੱਖਿਆ ਅਧਿਕਾਰੀ; ਨੌਜਵਾਨ ਭਲਾਈ ਅਧਿਕਾਰੀ; ਆਸਟ੍ਰੀਅਨ ਏਕੀਕਰਣ ਫੰਡ; ਅਸਟ੍ਰੀਆ ਵਿੱਚ ਰਫਿਊਜੀਆਂ ਲਈ UN ਹਾਈ ਕਮਿਸ਼ਨਰ ਦਾ ਦਫਤਰ; ਵਿਦੇਸ਼ੀ ਇਮੀਗ੍ਰੇਸ਼ਨ ਅਤੇ ਸ਼ਰਨ ਦੇਣ ਵਾਲੀਆਂ ਅਥਾਰਟੀਆਂ; ਰਿਹਾਇਸ਼ ਪ੍ਰਦਾਨ ਕਰਨ ਵਾਲੇ ਜੋ ਸੰਸਥਾਵਾਂ ਲਈ ਕੰਮ ਕਰਨਗੇ (ਮੁੱਢਲੀ ਦੇਖਭਾਲ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਨਿਯੁਕਤ); ਨਿਯੁਕਤ ਕੀਤੀਆਂ ਸਹਾਇਕ ਟਰਾਂਸਪੋਰਟ ਕੰਪਨੀਆਂ ਜੋ ਉਹਨਾਂ ਏਲੀਅਨਜ਼ (ਪਰਵਾਸੀਆਂ) ਨੂੰ ਟ੍ਰਾਂਸਪੋਰਟ ਕਰਦੀਆਂ ਹਨ ਜਿਨ੍ਹਾਂ ਨੂੰ ਮਦਦ ਅਤੇ ਸੁਰੱਖਿਆ ਦੀ ਜ਼ਰੂਰਤ ਹੈ, ਜੋ ਸਹਾਇਤਾ ਲਈ ਯੋਗ ਹਨ (ਪਨਾਹ ਮੰਗਣ ਵਾਲੇ, ਪਨਾਹ ਲਈ ਯੋਗ ਵਿਅਕਤੀ, ਵਿਸਥਾਪਿਤ ਵਿਅਕਤੀ ਅਤੇ ਹੋਰ ਵਿਅਕਤੀ ਜਿਨ੍ਹਾਂ ਨੂੰ ਕਾਨੂੰਨੀ ਜਾਂ ਵਾਸਤਵਿਕ ਕਾਰਨਾਂ ਕਰਕੇ ਡਿਪੋਰਟ ਨਹੀਂ ਕੀਤਾ ਜਾ ਸਕਦਾ); ਈ-ਗਵਰਨਮੈਂਟ ਐਕਟ ਵਿੱਚ ਨਿਰਧਾਰਿਤ ਕੀਤੀਆਂ ਯੋਗਤਾਵਾਂ ਦੇ ਅੰਦਰ ਸੋਰਸ PIN ਰਜਿਸਟਰ ਅਥਾਰਟੀ; ਅੰਕੜੇ ਅਸਟ੍ਰੀਆ
ਪ੍ਰੋਸੈਸਰ (ਜਿਵੇਂ ਕਿ ਡੇਟਾ ਪ੍ਰੋਟੈਕਸ਼ਨ ਐਕਟ (DSG) ਦੀ ਆਈਟਮ 9, ਸੈਕਸ਼ਨ 2 ਧਾਰਾ 36 ਵਿੱਚ ਕ੍ਰਮਵਾਰ, DSGVO ਦੀ ਧਾਰਾ 4, ਆਈਟਮ 8 ਵਿੱਚ ਪਰਿਭਾਸ਼ਤ ਕੀਤਾ ਗਿਆ ਹੈ):
ਇੰਟੀਰੀਅਰ ਦੇ ਸੰਘੀ ਮੰਤਰੀ; IBM Österreich - Internationale Büromaschinen Gesellschaft m.b.H.; Microsoft Österreich GmbH; Bundesrechenzentrum GmbH; Atos IT Solutions and Services GmbH

**ਡਾਟੇ ਵਾਲੇ ਵਿਅਕਤੀ ਦੇ ਅਧਿਕਾਰ**:

ਆਸਟ੍ਰੀਅਨ ਡਾਟਾ ਸੁਰੱਖਿਆ ਅਥਾਰਟੀ (1080 Wien, Wickenburggasse 8, ਫੋਨ +43 1 52 152-0, ਈਮੇਲ dsb@dsb.gv.at) ਕੋਲ ਸ਼ਿਕਾਇਤ ਦਰਜ ਕਰਨ ਦਾ ਅਧਿਕਾਰ ਡਾਟਾ ਸੁਰੱਖਿਆ ਐਕਟ (DSG) ਦੀ ਧਾਰਾ 24, ਪੈਰਾ 1 ਦੇ ਅਨੁਸਾਰ ਲਾਗੂ ਹੁੰਦਾ ਹੈ।

ਪਹੁੰਚ ਦਾ ਅਧਿਕਾਰ DSGVO ਦੀ ਧਾਰਾ 15 ਵਿੱਚ ਦਿੱਤਾ ਗਿਆ ਹੈ।

ਸੋਧ ਦਾ ਅਧਿਕਾਰ DSGVO ਦੀ ਧਾਰਾ 16 ਵਿੱਚ ਦਿੱਤਾ ਗਿਆ ਹੈ।

ਮਿਟਾਉਣ ਦਾ ਅਧਿਕਾਰ ('ਭੁੱਲ ਜਾਣ ਦਾ ਅਧਿਕਾਰ') DSGVO ਦੀ ਧਾਰਾ 17 ਵਿੱਚ ਦਿੱਤਾ ਗਿਆ ਹੈ।

ਧਾਰਾ 21 DSGVO ਦੇ ਅਨੁਸਾਰ ਇਤਰਾਜ਼ ਦਾ ਅਧਿਕਾਰ ਅਤੇ DSGVO (ਪਨਾਹ ਚਾਹੁਣ ਵਾਲਿਆਂ ਅਤੇ ਹੋਰ ਯੋਗ ਏਲੀਅਨਾਂ 2005 (GVG-B) ਨੂੰ ਮੁੱਢਲੀ ਦੇਖਭਾਲ ਅਤੇ ਸੇਵਾਵਾਂ ਪ੍ਰਦਾਨ ਕਰਨ ਬਾਰੇ ਸੰਘੀ ਕਾਨੂੰਨ ਦੀ ਧਾਰਾ 8, ਪੈਰਾ 4) ਦੀ ਧਾਰਾ 18 ਦੇ ਅਨੁਸਾਰ ਪ੍ਰੋਸੈਸਿੰਗ ਦੇ ਪਾਬੰਦੀ ਦਾ ਕੋਈ ਅਧਿਕਾਰ ਲਾਗੂ ਨਹੀਂ ਹੁੰਦਾ ਹੈ।